# ਜਾਤੀ ਸਮਾਨਤਾ ਦੇ ਵਾਧੇ ‘ਤੇ ਮੌਜੂਦਾ ਅਤੇ
# ਨਿਯੋਜਿਤ ਉਪਾਅ

## ਸਿਵਿਲ ਸਰਵਿਸ ਬਿਊਰੋ

ਸਿਵਿਲ ਸਰਵਿਸ ਬਿਊਰੋ (CSB) ਨਿਯੁਕਤੀ, ਸੇਵਾ ਦੇ ਭੁਗਤਾਨ ਅਤੇ ਸ਼ਰਤਾਂ, ਸਟਾਫ਼ ਪ੍ਰਬੰਧਨ, ਮੈਨਪਾਵਰ ਦੀ ਯੋਜਨਾ, ਸਿਖਲਾਈ ਅਤੇ ਅਨੁਸ਼ਾਸਨ ਸਹਿਤ ਸਿਵਿਲ ਸਰਵਿਸ ਦੇ ਪ੍ਰਬੰਧਨ ਲਈ ਸਮੁੱਚੀ ਪਾਲਿਸੀ ਦੀ ਜ਼ਿੰਮੇਵਾਰੀ ਮੰਨਦੀ ਹੈ।

ਸਿਵਿਲ ਸਰਵਿਸ ਲਈ ਨਿਯੁਕਤੀ ਖੁੱਲ੍ਹੇ ਅਤੇ ਨਿਰਪੱਖ ਮੁਕਾਬਲੇ ‘ਤੇ ਆਧਾਰਿਤ ਹੈ। ਖੁੱਲ੍ਹੀ ਭਰਤੀ ਪ੍ਰਕਿਰਿਆ ਵਿੱਚ ਸਾਰੇ ਉਮੀਦਵਾਰਾਂ ਦਾ ਮੁਲਾਂਕਣ ਉਹਨਾਂ ਦੀ ਯੋਗਤਾ, ਪ੍ਰਦਰਸ਼ਨ ਅਤੇ ਚਰਿੱਤਰ ਅਤੇ ਸੰਬੰਧਿਤ ਗ੍ਰੇਡ ਦੇ ਕੰਮ ਦੀਆਂ ਲੋੜਾਂ ਦੇ ਅਨੁਸਾਰ ਤੈਅ ਨਿਰਧਾਰਿਤ ਪ੍ਰਵੇਸ਼ ਲੋੜਾਂ (ਭਾਸ਼ਾ ਦੀ ਕੁਸ਼ਲਤਾ ਸਮੇਤ) ਦੇ ਸੰਬੰਧ ਦੇ ਆਧਾਰ ‘ਤੇ ਕੀਤਾ ਜਾਂਦਾ ਹੈ। ਚੋਣ ਪ੍ਰਕਿਰਿਆ ਵਿੱਚ ਨਸਲ ਇੱਕ ਢੁਕਵਾਂ ਵਿਚਾਰ ਨਹੀਂ ਹੈ।

ਮੌਜੂਦਾ ਉਪਾਅ

- ਗੈਰ-ਨਸਲੀ ਚੀਨੀ (NEC) ਲਈ ਨੌਕਰੀ ਦੇ ਮੌਕਿਆਂ ਤੱਕ ਬਰਾਬਰ ਪਹੁੰਚ ਪ੍ਰਦਾਨ ਕਰਨ ਲਈ, ਸਰਕਾਰ ਸਮੇਂ-ਸਮੇਂ 'ਤੇ ਸਿਵਲ ਸੇਵਾ ਗ੍ਰੇਡਾਂ ਸੰਬੰਧੀ ਭਾਸ਼ਾ ਦੀ ਮੁਹਾਰਤ ਨਾਲ ਸੰਬੰਧਿਤ ਪ੍ਰਵੇਸ਼ ਲੋੜਾਂ ਦੀ ਸਮੀਖਿਆ ਕਰੇਗੀ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਜਨਤਕ ਸੇਵਾ ਦੀ ਗੁਣਵੱਤਾ ਨੂੰ ਕਾਇਮ ਰੱਖਦੇ ਹੋਏ ਨੌਕਰੀਆਂ ਦੀਆਂ ਜ਼ਰੂਰਤਾਂ ਦੇ ਅਨੁਕੂਲ ਹਨ, ਤਾਂ ਜੋ ਵੱਖ-ਵੱਖ ਪਿਛੋਕੜਾਂ ਦੀਆਂ ਪ੍ਰਤਿਭਾਵਾਂ ਨੂੰ ਸਰਕਾਰ ਵਿੱਚ ਸ਼ਾਮਲ ਹੋਣ ਦੀ ਆਗਿਆ ਦਿੱਤੀ ਜਾ ਸਕੇ। ਵਰਤਮਾਨ ਵਿੱਚ, 50 ਤੋਂ ਜ਼ਿਆਦਾ ਗ੍ਰੇਡਾਂ ਨੇ ਆਪਣੀ ਚੀਨੀ ਭਾਸ਼ਾ ਦੀ ਮੁਹਾਰਤ ਨਾਲ ਸੰਬੰਧਿਤ ਪ੍ਰਵੇਸ਼ ਲੋੜਾਂ (LPR) ਨੂੰ ਨਿਯਮਿਤ ਕਰ ਦਿੱਤਾ ਹੈ।

- ਅਸੀਂ ਨਿਯਮਿਤ ਤੌਰ ‘ਤੇ ਪ੍ਰਦੇਸ਼ ਵਿੱਚ ਸਥਿਤ ਜਾਤੀ ਘੱਟ ਗਿਣਤੀ ਲਈ ਘਰੇਲੂ ਮਾਮਲਾ ਵਿਭਾਗ ਦੇ (HAD) ਸਹਾਇਤਾ ਸੇਵਾ ਕੇਂਦਰਾਂ, ਲੇਬਰ ਵਿਭਾਗ (LD) ਦੇ ਨੌਕਰੀ ਕੇਂਦਰਾਂ, ਜਾਤੀਗਤ ਵਿਭਿੰਨਤਾ ਰੁਜ਼ਗਾਰ ਪ੍ਰੋਗਰਾਮ ਦੇ ਅਧੀਨ LD ਵੱਲੋਂ ਕਮਿਸ਼ਨ ਕੀਤੇ ਗੈਰ-ਸਰਕਾਰੀ ਸੰਗਠਨਾਂ ਅਤੇ Youth.gov.hk ਵੈੱਬਪੰਨੇ ‘ਤੇ “ਗੈਰ-ਨਸਲੀ ਚੀਨੀਆਂ ਲਈ ਨੌਕਰੀ ਕੋਰਨਰ” ਜ਼ਰੀਏ ਸੰਬੰਧਿਤ ਤੌਰ ‘ਤੇ ਘੱਟ ਕੀਤੇ ਚੀਨੀ LPRs ਨਾਲ ਸਿਵਿਲ ਸਰਵਿਸ ਭਰਤੀਆਂ ‘ਤੇ ਜਾਣਕਾਰੀ ਦਿੰਦੇ ਹਾਂ।

- 2019 ਤੋਂ, CSB ਨੇ NEC ਵਿਦਿਆਰਥੀਆਂ ਲਈ ਇੰਟਰਨਸ਼ਿਪ ਪ੍ਰੋਗਰਾਮ ਦਾ ਆਯੋਜਨ ਕੀਤਾ ਹੈ, ਤਾਂਕਿ NEC ਦੇ ਨੌਜਵਾਨ ਵਿਦਿਆਰਥੀਆਂ ਨੂੰ ਕੰਮ ਦਾ ਅਨੁਭਵ ਮਿਲ ਸਕਦੇ ਅਤੇ ਨੌਕਰੀ ਲੱਭਣ ਵੇਲੇ ਉਹ ਇੱਕ ਬਿਹਤਰ ਉਮੀਦਵਾਰ ਬਣ ਕੇ ਸਾਹਮਣੇ ਆਉਣ ।

- CSB ਦੇ ਅਧੀਨ ਸਿਵਲ ਸਰਵਿਸ ਕਾਲਜ ਨੇ ਬਰਾਬਰ ਮੌਕਿਆਂ ਦੇ ਕਮਿਸ਼ਨ ਦੇ ਨਾਲ ਸਾਂਝੇ ਤੌਰ 'ਤੇ ਈ-ਲਰਨਿੰਗ ਸਰੋਤ ਵਿਕਸਿਤ ਕੀਤੇ ਹਨ। ਸੰਸਾਧਨਾਂ ਵਿੱਚ ਨਸਲੀ ਵਿਭਿੰਨਤਾ ਅਤੇ ਸਮਾਵੇਸ਼ ਅਤੇ ਸਿਵਲ ਸੇਵਕਾਂ ਦੀ ਸੱਭਿਆਚਾਰਕ ਸੰਵੇਦਨਸ਼ੀਲਤਾ ਨੂੰ ਵਧਾਉਣ ਲਈ ਸਮਾਨਤਾ ਦੇ ਮੌਕਿਆਂ ਬਾਰੇ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਹੈ।

- ਜਨਤਕ ਅਧਿਕਾਰੀਆਂ ਦੁਆਰਾ ਸੰਦਰਭ ਲਈ, CSB ਦੀ ਅਧਿਕਾਰਿਤ ਭਾਸ਼ਾ ਡਿਵੀਜ਼ਨ, ਅਨੁਵਾਦ ਫਰਮਾਂ ਦੀ ਇੱਕ ਸੂਚੀ ਕਾਇਮ ਰੱਖਦੀ ਹੈ ਜੋ ਮੁੱਖ ਤੌਰ ‘ਤੇ ਚੀਨੀ ਅਤੇ ਅੰਗਰੇਜ਼ੀ ਵਿਚਕਾਰ ਦਸਤਾਵੇਜ਼ਾਂ ਦਾ ਅਨੁਵਾਦ ਕਰਕੇ ਦਿੰਦੇ ਹਨ। ਜਨਤਕ ਅਧਿਕਾਰੀ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਜਾਂ ਦੁਭਾਸ਼ੀਆ ਸੇਵਾਵਾਂ ਵਿੱਚ ਵਿਅਸਤ ਰਹਿਣ ਤੋਂ ਪਹਿਲਾਂ ਅਨੁਵਾਦ ਫਰਮਾਂ ਜਾਂ ਫ੍ਰੀਲਾਂਸ ਅਨੁਵਾਦਕਾਂ ਨਾਲ ਸੇਵਾਵਾਂ ਦਾ ਖੇਤਰ ਸੁਨਿਸ਼ਚਿਤ ਕਰ ਸਕਦੇ ਹਨ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • CSB ਮੌਜੂਦਾ ਉਪਾਵਾਂ ਨੂੰ ਲਾਗੂ ਕਰਨਾ ਜਾਰੀ ਰੱਖੇਗਾ ਅਤੇ ਢੁਕਵੇਂ ਰੂਪ ਵਿੱਚ ਸੁਧਾਰ ਕਰਨ ਬਾਰੇ ਵਿਚਾਰ ਕਰੇਗਾ। |
| ਲਏ ਗਏ/ਲਏ ਜਾਣ ਵਧੇਰੇ ਉਪਾਅ | • ਸਿਵਲ ਸੇਵਾ ਨੌਕਰੀ ਦੇ ਬਿਨੈਕਾਰਾਂ ਨੂੰ ਭਾਸ਼ਾ ਦੀ ਮੁਹਾਰਤ ਦੇ ਸਬੰਧ ਵਿੱਚ ਨਿਯੁਕਤੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਇੱਕ ਵਾਧੂ ਤਰੀਕਾ ਪ੍ਰਦਾਨ ਕਰਨ ਲਈ, ਵਿਭਾਗ ਜਿੱਥੇ ਉਚਿਤ ਹੋਵੇ, ਵਿਅਕਤੀਗਤ ਗ੍ਰੇਡਾਂ ਦੀਆਂ ਲੋੜਾਂ ਦੇ ਅਨੁਸਾਰ ਆਪਣੇ ਖੁਦ ਦੇ ਨੌਕਰੀ-ਮੁਖੀ ਭਾਸ਼ਾ ਟੈਸਟ ਤਿਆਰ ਕਰ ਸਕਦੇ ਹਨ।<br><br>ਸਰਕਾਰ ਭਰਤੀ ਦੇ ਕੰਮ ਨੂੰ ਤੇਜ਼ ਕਰੇਗੀ ਤਾਂ ਕਿ ਵੱਖ-ਵੱਖ ਪਿਛੋਕੜਾਂ (NEC ਸਮੇਤ) ਦੀਆਂ ਪ੍ਰਤਿਭਾਵਾਂ ਨੂੰ ਵਧੇਰੇ ਸਿੱਧੇ ਅਤੇ ਕੁਸ਼ਲ ਤਰੀਕੇ ਨਾਲ ਸਰਕਾਰੀ ਭਰਤੀ ਦੀ ਜਾਣਕਾਰੀ ਪ੍ਰਾਪਤ ਹੋ ਸਕੇ। |

ਜਾਤੀ ਸਮਾਨਤਾ ਦੇ ਵਾਧੇ ‘ਤੇ ਮੌਜੂਦਾ ਅਤੇ ਨਿਯੋਜਿਤ ਉਪਾਅਾਂ ਸੰਬੰਧੀ ਪੁੱਛਤਾਛ ਲਈ, ਹੇਠਾਂ ਦਿੱਤੀਆਂ ਵਿਧੀਆਂ ਰਾਹੀਂ ਕਿਰਪਾ ਕਰਕੇ ਮਿਸ ਕਾਰਮੈਨ ਐੱਸ.ਆਈ.ਯੂ., ਮੁੱਖ ਕਾਰਜਕਾਰੀ ਅਫ਼ਸਰ (ਪ੍ਰਬੰਧਨ) ਨਾਲ ਸੰਪਰਕ ਕਰੋ –


| | | |
|---|---|---|
| ਟੈਲੀਫੋਨ ਨੰ. | : | 2810 3090 |
| ਫੈਕਸ ਨੰ. | : | 2868 5069 |
| ਈਮੇਲ | : | csbts@csb.gov.hk |
| ਡਾਕ ਪਤਾ | : | Civil Service Bureau,<br>Management Division,<br>9/F, West Wing, Central Government Offices,<br>2 Tim Mei Avenue, Tamar,<br>Hong Kong |


**ਸਿਵਿਲ ਸਰਵਿਸ ਬਿਊਰੋ**
**ਮਈ 2024**